# Meeting of BRICS Ministers of Foreign Affairs /International Relations (June 01, 2021)

May 31, 2021

---

## BRICS ਦੇ ਵਦਿੇਸ਼ ਮਾਮਲਿਆਂ / ਅੰਤਰਰਾਸ੍ਹਟਰੀ ਸਬੰਧਾਂ ਦੇ ਮੰਤਰੀਆਂ ਦੀ ਬੈਠਕ (1 ਜੂਨ, 2021)

31 ਮਈ, 2021

ਮੌਜੂਦਾ BRICS ਪ੍ਰਧਾਨ ਹੋਣ ਦੇ ਨਾਤੇ ਭਾਰਤ 1 ਜੂਨ, 2021 ਨੂੰ BRICS ਦੇ ਵਿਦੇਸ਼ ਮਾਮਲਿਆਂ/ ਅੰਤਰਰਾਸ਼ਟਰੀ ਸਬੰਧਾਂ ਦੇ ਮੰਤਰੀਆਂ ਦੀ ਬੈਠਕ ਸੱਦੇਗਾ। ਭਾਰਤੀ ਗਣਰਾਜ ਦੇ ਵਿਦੇਸ਼ ਮੰਤਰੀ ਡਾ.ਐਸ. ਜੈਸ਼ੰਕਰ ਵੀਡੀਓ ਕਾਨਫਰੰਸਿੰਗ ਰਾਹੀਂ ਇਸ ਬੈਠਕ ਦੀ ਪ੍ਰਧਾਨਗੀ ਕਰਨਗੇ। ਬ੍ਰਾਜ਼ੀਲ ਸੰਘੀ ਗਣਰਾਜ ਦੇ ਵਿਦੇਸ਼ੀ ਮਾਮਲਿਆਂ ਬਾਰੇ ਮੰਤਰੀ ਰਾਜਦੂਤ ਕਾਰਲੋਸ ਅਲਬਰਟੋ ਫਰੈਂਕੋ ਫ੍ਰਾਂਸਿਆ, ਰੂਸੀ ਸੰਘ ਦੇ ਵਿਦੇਸ਼ ਮੰਤਰੀ ਰਾਜਦੂਤ ਸੇਰਗੇਈ ਲਾਵਰੋਵ, ਚੀਨੀ ਲੋਕ ਗਣਤੰਤਰ ਦੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਵਾਂਗ ਯੀ ਅਤੇ ਦੱਖਣੀ ਅਫਰੀਕਾ ਗਣਰਾਜ ਦੇ ਅੰਤਰਰਾਸ਼ਟਰੀ ਸਬੰਧਾਂ ਅਤੇ ਸਹਿਕਾਰਤਾ ਬਾਰੇ ਮੰਤਰੀ ਸ਼੍ਰੀਮਤੀ ਗ੍ਰੇਸ ਨਲੇਡੀ  ਮੰਡੀਸਾ ਪਾਂਡੋਰ ਦੇ ਇਸ ਬੈਠਕ ਵਿੱਚ ਸ਼ਾਮਲ ਹੋਣ ਦੀ ਉਮੀਦ ਹੈ।

ਆਸ ਕੀਤੀ ਜਾਂਦੀ ਹੈ ਕਿ ਮੰਤਰੀ COVID -19 ਮਹਾਂਮਾਰੀ ਦੀ ਸਥਿਤੀ, ਮੌਜੂਦਾ ਸਮੇਂ ਦੀਆਂ ਵੱਖ-ਵੱਖ ਚੁਣੌਤੀਆਂ ਨੂੰ ਕਾਰਗਰ ਢੰਗ ਨਾਲ ਹੱਲ ਕਰਨ ਅਤੇ ਉਨ੍ਹਾਂ ਨੂੰ ਸਮਕਾਲੀ ਹਕੀਕਤਾਂ ਅਨੁਸਾਰ ਢਾਲਣ ਦੀ ਇਸਦੀ ਸਮਰੱਥਾ ਨੂੰ ਵਧਾਉਣ ਲਈ ਬਹੁਪੱਖੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਇਸ ਅੰਦਰ ਸੁਧਾਰ ਕਰਨ ਦੀ ਜ਼ਰੂਰਤ, ਦਿਲਚਸਪੀ ਦੇ ਖੇਤਰੀ ਅਤੇ ਆਲਮੀ ਮੁੱਦਿਆਂ, ਟਿਕਾਊ ਵਿਕਾਸ, ਅੱਤਵਾਦ ਦਾ ਮੁਕਾਬਲਾ ਅਤੇ BRICS ਅੰਦਰਲੇ ਸਹਿਯੋਗ ਨੂੰ ਵਧਾਉਣ ਦੇ ਤਰੀਕਿਆਂ, ਖ਼ਾਸਕਰ ਲੋਕ ਪੱਧਰੀ ਸਹਿਯੋਗ ਲਈ, ਬਾਰੇ ਵਿਚਾਰ ਵਟਾਂਦਰੇ ਕਰਨਗੇ।

ਨਵੀਂ ਦਿੱਲੀ
31 ਮਈ, 2021

DISCLAIMER: This is an approximate translation. The original is available in English on MEA's website and may be referred to as the official press release.